I/336266/2022

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 2 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਚੰਡੀਗੜ੍ਹ।

ਮਿਤੀ,ਚੰਡੀਗੜ੍ਹ: 28/03/22

ਵਿਸ਼ਾ:- ਪੀ.ਜੀ ਕੋਰਸ. ਵਿੱਚ ਚੋਣ ਹੋਣ ਉਪਰੰਤ ਫਾਰਮਲ ਐਨ.ਓ.ਸੀ. ਜਾਰੀ ਕਰਨ ਬਾਰੇ।

****

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਡ.ਸ.ਪ.ਭ. ਪਾਸੋਂ ਪ੍ਰਾਪਤ ਤਜਵੀਜਾਂ ਅਤੇ ਸਿਫਾਰਸ਼ਾਂ ਨੂੰ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਨ ਉਪਰੰਤ ਹੇਠ ਦਰਸਾਏ ਮੈਡੀਕਲ ਅਫ਼ਸਰਾਂ ਦੀ ਚੋਣ ਉਨ੍ਹਾਂ ਦੇ ਨਾਮ ਦੇ ਸਾਹਮਣੇ ਦਰਜ ਵਿਸ਼ਿਆਂ/ਮੈਡੀਕਲ ਕਾਲਜ਼ਾਂ ਵਿੱਚ ਪੀ.ਜੀ. ਕੋਰਸ ਵਿੱਚ ਹੋਣ ਕਾਰਨ ਉਨ੍ਹਾਂ ਨੂੰ ਰਲੀਵ ਕਰਨ ਲਈ ਫਾਰਮਲ ਐਨ.ਓ.ਸੀ. ਹੇਠ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਮ, ਸੇਵਾ ਨੰ: ਅਤੇ ਮੌਜੂਦਾ ਪੋਸਟਿੰਗ | ਸਪੈਸ਼ਲਿਟੀ | ਮੈਡੀਕਲ ਕਾਲਜ ਦਾ ਨਾਮ ਜਿੱਥੇ ਸੀਟ ਮਿਲੀ ਹੈ | ਸਰਕਾਰ/ਡ:ਸ:ਪ:ਭ ਦੇ ਜਿਸ ਪੱਤਰ ਨਾਲ ਪਹਿਲਾਂ ਪ੍ਰੋਵੀਜਨਲ ਐਨ.ਓ.ਸੀ. ਜਾਰੀ ਕੀਤਾ ਗਿਆ ਹੈ। | ਕੈਟਾਗਰੀ ਜਿਸ ਵਿੱਚ ਐਨ.ਓ.ਸੀ. ਜਾਰੀ ਕੀਤਾ ਜਾ ਰਿਹਾ ਹੈ। |
|---|---|---|---|---|---|
| 1 | ਡਾ. ਮਨਪ੍ਰੀਤ ਕੌਰ, ਮੈਡੀਕਲ ਅਫਸਰ, ਮੈਰਿਟ ਨੰ 214/ਜ/2016, ਮਿੰਨੀ ਪੀ.ਐਚ.ਸੀ. ਅਜਰਾਵਰ ਬਲਾਕ ਹਰਪਾਲਪੁਰ, ਜਿਲ੍ਹਾ ਪਟਿਆਲਾ | M.D. Tuberculosis & Respiratory Medicine | ਸਰਕਾਰੀ ਮੈਡੀਕਲ ਕਾਲਜ, ਪਟਿਆਲਾ | 26/02/2021-ਸਿਹਤ2/6544, ਮਿਤੀ 29.10.2021 | 30% ਇੰਨਸੈਂਟਿਵ ਕੈਟਾਗਰੀ |
| 2 | ਡਾ. ਹਰਲੀਨ ਕੌਰ, ਮੈਡੀਕਲ ਅਫਸਰ, ਮੈਰਿਟ ਨੰ 58/ਜ/2016, ਕੈਨਾਲ ਕਲੋਨੀ ਡਿਸਪੈਂਸਰੀ, ਫਿਰੋਜ਼ਪੁਰ। | M.D. Pathology | ਸਰਕਾਰੀ ਮੈਡੀਕਲ ਕਾਲਜ, ਪਟਿਆਲਾ | HFW-HLH2026A/9/2021-6702, ਮਿਤੀ 10.11.2021 ਪੰ:ਵਿ:/11 | 30% ਇੰਨਸੈਂਟਿਵ ਕੈਟਾਗਰੀ |
| 3. | ਡਾ. ਸੁਮੀਤ ਅਰੋੜਾ, ਮੈਡੀਕਲ ਅਫਸਰ, ਮੈਰਿਟ ਨੰ 348/ਜ/2016, ਸੀ.ਐਚ.ਸੀ. ਕਸੇਲ, ਜਿਲ੍ਹਾ ਤਰਨ ਤਾਰਨ | M.D. Anaesthesia | ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ , ਫਰੀਦਕੋਟ | HFW-HLH2026D/10/2021-6684, ਮਿਤੀ 10.11.2021 ਪੰ:ਵਿ:/16 | 30% ਇੰਨਸੈਂਟਿਵ ਕੈਟਾਗਰੀ |

ਸ਼ਰਤਾਂ:-

(1) ਉਕਤ ਡਾਕਟਰਾਂ ਨੂੰ ਰਲੀਵ ਕਰਨ ਤੋਂ ਪਹਿਲਾਂ ਸਰਕਾਰ ਵਲੋਂ ਜਾਰੀ ਕੀਤੇ ਗਏ ਪ੍ਰੋਵੀਜਨਲ ਐਨ.ਓ.ਸੀ ਵਿੱਚ ਦਰਜ਼ ਸ਼ਰਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਇਆ ਜਾਵੇ।

(2) ਸਬੰਧਤ ਸਿਵਲ ਸਰਜਨ/ ਮੈਡੀਕਲ ਸੁਪਰਡੰਟ/ਸੀਨੀਅਰ ਮੈਡੀਕਲ ਅਫਸਰ ਵਲੋਂ ਉਕਤ ਡਾਕਟਰਾਂ ਨੂੰ ਰਲੀਵ ਕਰਨ ਤੋਂ ਪਹਿਲਾਂ ਉਸ ਪਾਸੋਂ ਬਣਦਾ ਸੋਰਟੀ ਬਾਂਡ ਪ੍ਰਾਪਤ ਕਰਨ ਉਪਰੰਤ ਡਾਕਟਰ ਨੂੰ ਅਤੇ ਉਸ ਦੀ ਸੋਰਟੀ ਪਾਉਣ ਵਾਲੇ ਅਧਿਕਾਰੀਆਂ ਪਾਸੋਂ ਸੇਵਾ ਪੱਤਰੀਆਂ ਵਿੱਚ ਲੋੜੀਂਦਾ ਇਦਰਾਜ ਕਰਨਾ ਯਕੀਨੀ ਬਣਾਇਆ ਜਾਵੇ।

(3) ਪੀ.ਜੀ. ਕੋਰਸ ਦੌਰਾਨ ਤਨਖਾਹ ਡਾਕਟਰ ਵੱਲੋਂ ਭਰਿਆ ਗਿਆ ਬਾਂਡ ਡ.ਸ.ਪ.ਭ. ਵੱਲੋਂ ਪ੍ਰਵਾਨ ਹੋਣ ਉਰਪੰਤ ਰਲੀਜ਼ ਕੀਤੀ ਜਾਵੇਗੀ।

3. ਸਰਕਾਰ ਵੱਲੋਂ ਜਾਰੀ ਅਧਿਸੂਚਨਾ ਨੰ : 26/142/18-2ਸਿ2/1509055/1-3 ਮਿਤੀ 25.6.2019 ਦੇ ਸਨਮੁੱਖ ਪੀ .ਜੀ. ਪੜ੍ਹਾਈ ਲਈ ਮੈਡੀਕਲ ਅਫਸਰਾਂ ਨੂੰ ਐਨ.ਪੀ.ਏ. ਨਹੀਂ ਦਿੱਤਾ ਜਾਵੇਗਾ। ਜੇਕਰ ਬਾਅਦ ਵਿੱਚ ਕੋਈ ਪ੍ਰਤੀਕੂਲ ਮੁੱਦਾ ਸਾਹਮਣੇ ਆਉਣ ਕਾਰਨ ਜਾਰੀ ਕੀਤਾ ਜਾ ਰਿਹਾ ਐਨ .ਓ.ਸੀ ਮੁੜ ਵਿਚਾਰਿਆ ਜਾ ਸਕਦਾ ਹੈ।

4. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

ਮਿਤੀ,ਚੰਡੀਗੜ੍ਹ: 28/03/22

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਬੰਧਤ ਪ੍ਰਿੰਸੀਪਲ, ਮੈਡੀਕਲ ਕਾਲਜ (https://health.punjab.gov.in);
2. ਸਬੰਧਤ ਸਿਵਲ ਸਰਜਨ (ਵੈਬਸਾਈਟ ਰਾਹੀ (https://health.punjab.gov.in);
3. ਸਬੰਧਤ ਸੀਨੀਅਰ ਮੈਡੀਕਲ ਅਫਸਰ/ਮੈਡੀਕਲ ਸੁਪਰਡੰਟ (ਵੈਬਸਾਈਟ ਰਾਹੀ (https://health.punjab.gov.in);
4. ਸਬੰਧਤ ਮੈਡੀਕਲ ਅਫ਼ਸਰ (https://health.punjab.gov.in)

ਸੁਪਰਡੰਟ